City of Mississauga
300 City Centre Dr.
Mississauga, ON
L5B 3C1

Media Advisory

# ਆਪਣੇ ਵਿਚਾਰ ਸਾਂਝੇ ਕਰੋ ਅਤੇ ਸਾਈਕਲਿੰਗ ਬਾਰੇ ਗੱਲਬਾਤ ਵਿੱਚ ਸ਼ਾਮਲ ਹੋਵੋ

ਸਿਟੀ, ਆਪਣੇ ਸਾਈਕਲਿੰਗ ਮਾਸਟਰ ਪਲਾਨ (Cycling Master Plan) ਦੇ ਅੱਪਡੇਟ ਬਾਰੇ ਫੀਡਬੈਕ ਮੰਗ ਰਹੀ ਹੈ। ਆਮ੍ਹਣੇ-ਸਾਮ੍ਹਣੇ ਦੇ ਜਾਂ ਵਰਚੁਅਲ ਓਪਨ ਹਾਊਸ ਨਾਲ ਜੁੜੋ ਜਾਂ ਸਰਵੇਖਣ ਲਵੋ।

ਭਾਵੇਂ ਤੁਸੀਂ ਉਹ ਵਿਅਕਤੀ ਹੋ, ਜੋ ਨਿਯਮਿਤ ਰੂਪ ਨਾਲ ਸਾਈਕਲ ਚਲਾਉਂਦੇ ਹੋ, ਸਾਈਕਲਿੰਗ ਲਈ ਨਵੇਂ ਹੋ ਜਾਂ ਸਾਈਕਲ ਚਲਾਉਣ ਬਾਰੇ ਸੋਚ ਰਹੇ ਹੋ, ਤਾਂ ਤੁਸੀਂ Mississauga ਵਿੱਚ ਸਾਈਕਲਿੰਗ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦੇ ਹੋ। ਸਿਟੀ ਆਪਣੇ ਸਾਈਕਲਿੰਗ ਮਾਸਟਰ ਪਲਾਨ ਨੂੰ ਅੱਪਡੇਟ ਕਰ ਰਹੀ ਹੈ (updating its Cycling Master Plan) ਅਤੇ ਤੁਹਾਡੇ ਸੁਝਾਅ ਮੰਗ ਰਹੀ ਹੈ। ਸਾਈਕਲਿੰਗ ਮਾਸਟਰ ਪਲਾਨ ਇੱਕ ਲੰਮੀ-ਮਿਆਦ ਦੀ ਯੋਜਨਾ ਹੈ, ਜੋ Mississauga ਵਿੱਚ ਸਾਈਕਲਿੰਗ ਇੰਫਰਾਸਟ੍ਰਕਚਰ ਅਤੇ ਪ੍ਰੋਗਰਾਮ ਤਿਆਰ ਕਰਨ ਅਤੇ ਲਾਗੂ ਕਰਨ ਲਈ ਸਿਟੀ ਦੇ ਟੀਚਿਆਂ ਨੂੰ ਯੋਜਨਾਬੱਧ ਕਰਦੀ ਹੈ। ਇਸ ਯੋਜਨਾ ਦੇ ਟੀਚਿਆਂ ਦਾ ਉਦੇਸ਼ ਸਾਈਕਲਿੰਗ ਨੂੰ ਸੁਰੱਖਿਅਤ ਅਤੇ ਵੱਧ ਅਰਾਮਦਾਇਕ ਬਣਾਉਣਾ, ਵੱਧ ਪਹੁੰਚਯੋਗ ਸਾਈਕਲਿੰਗ ਨੈੱਟਵਰਕ ਵਿਕਸਿਤ ਕਰਨਾ ਅਤੇ ਸਿਹਤਮੰਦ ਜੀਵਨਸ਼ੈਲੀ ਦੇ ਹਿੱਸੇ ਵਜੋਂ ਸਾਈਕਲਿੰਗ ਨੂੰ ਉਤਸ਼ਾਹਿਤ ਕਰਨਾ ਹੈ।

ਸਾਈਕਲਿੰਗ ਮਾਸਟਰ ਪਲਾਨ ਨੂੰ ਇਹ ਯਕੀਨੀ ਬਣਾਉਣ ਲਈ ਹਰ ਪੰਜ ਸਾਲਾਂ ਵਿੱਚ ਅੱਪਡੇਟ ਕੀਤਾ ਜਾਂਦਾ ਹੈ ਕਿ ਇਹ ਯੋਜਨਾ, ਨਵੀਆਂ ਅਤੇ ਬਦਲਦੀਆਂ ਗਾਈਡਲਾਈਨਾਂ ਨਾਲ ਮੇਲ ਖਾਂਦੀ ਹੈ ਅਤੇ ਵਸਨੀਕਾਂ ਦੀਆਂ ਲੋੜਾਂ ਅਤੇ ਮੁੱਲਾਂ ਦੇ ਮੁਤਾਬਕ ਹੈ। Mississauga ਵਿੱਚ ਸਾਈਕਲਿੰਗ ਸਬੰਧੀ ਵੰਨ-ਸੁਵੰਨੇ ਦ੍ਰਿਸ਼ਟੀਕੋਣ ਇਕੱਤਰ ਕਰਨਾ ਅਤੇ ਚੁਣੌਤੀਆਂ ਤੇ ਧਿਆਨ ਦੇਣਾ ਮਹੱਤਵਪੂਰਣ ਹੈ।

ਸਾਈਕਲਿੰਗ ਮਾਸਟਰ ਪਲਾਨ ਦੇ ਹਿੱਸੇ ਵਜੋਂ, ਸਿਟੀ ਇਹ ਕਰੇਗੀ:

- ਸਾਈਕਲਿੰਗ ਕਨੈਕਸ਼ਨਾਂ ਵਿੱਚ ਸੁਧਾਰ ਕਰਨ ਅਤੇ ਨਵੇਂ ਡਿਜ਼ਾਈਨ ਸਬੰਧੀ ਸਲਾਹ ਦੀ ਪਾਲਣਾ ਕਰਨ ਲਈ Mississauga ਦੇ ਯੋਜਨਾਬੱਧ ਨੈੱਟਵਰਕ ਨੂੰ ਅੱਪਡੇਟ ਕਰਨਾ।
- Mississauga ਵਿੱਚ ਸਾਈਕਲਿੰਗ ਨੈੱਟਵਰਕ ਵਿੱਚ ਵਾਧਾ ਕਰਨ ਲਈ ਵੱਧ ਨਿਰਪੱਖ ਦ੍ਰਿਸ਼ਟੀਕੋਣ ਵਿਕਸਿਤ ਕਰਨਾ।
- ਬਾਈਕ ਲੇਨਾਂ, ਸਾਈਕਲ ਟ੍ਰੈਕ, ਮਲਟੀ-ਯੂਜ਼ ਟ੍ਰੇਲਾਂ ਵਰਗੇ ਸਾਈਕਲਿੰਗ ਇੰਫਰਾਸਟ੍ਰਕਚਰ ਦਾ ਨਿਰੰਤਰ ਨੈੱਟਵਰਕ ਬਣਾਉਣ ਲਈ ਕਨੈਕਸ਼ਨਾਂ ਨੂੰ ਤਰਜੀਹ ਦੇਣਾ, ਜਿਹਨਾਂ ਦੀ ਵਰਤੋਂ ਹਰ ਉਮਰ ਅਤੇ ਯੋਗਤਾਵਾਂ ਵਾਲੇ ਲੋਕ ਕਰ ਸਕਣ।
- ਨੈੱਟਵਰਕ ਨਾਲ ਕਨੈਕਟ ਕਰਨ ਲਈ ਪੰਜ-ਸਾਲਾ ਯੋਜਨਾ ਬਣਾਉਣਾ।
- ਇਛੁੱਕ ਧਿਰਾਂ, ਵਸਨੀਕਾਂ ਅਤੇ ਬਾਹਰਲੇ ਭਾਈਵਾਲਾਂ ਦੇ ਨਾਲ ਮਿਲਕੇ ਕੰਮ ਕਰਨਾ, ਤਾਂ ਜੋ ਪ੍ਰੋਜੈਕਟਾਂ ਨੂੰ ਲਾਗੂ ਕੀਤਾ ਜਾ ਸਕੇ ਅਤੇ ਕਮਿਉਨਿਟੀ ਉਹਨਾਂ ਦੀ ਹਿਮਾਇਤ ਕਰੇ।

## ਓਪਨ ਹਾਊਸ ਕਾਰਜਕਰਮ ਵਿੱਚ ਆਪਣੀ ਰਾਏ ਦਿਓ

ਸਿਟੀ ਕਈ ਮੌਕਿਆਂ ਦਾ ਆਯੋਜਨ ਕਰ ਰਹੀ ਹੈ, ਤਾਂ ਜੋ ਤੁਸੀਂ ਸਾਈਕਲਿੰਗ ਮਾਸਟਰ ਪਲਾਨ ਦੇ ਅੱਪਡੇਟ ਬਾਰੇ ਵਧੇਰੇ ਜਾਣ ਸਕੋ ਅਤੇ ਆਪਣੇ ਵਿਚਾਰ ਸਾਂਝੇ ਕਰ ਸਕੋ।

ਆਮ੍ਹਣੇ-ਸਾਮ੍ਹਣੇ ਦਾ ਓਪਨ ਹਾਊਸ

City of Mississauga
300 City Centre Dr.
Mississauga, ON
L5B 3C1

ਮੰਗਲਵਾਰ, 17 ਜੂਨ

ਸ਼ਾਮ 6 ਵਜੇ ਤੋਂ 8 ਵਜੇ ਤੱਕ

Mississauga City Hall, Great Hall [MAP]

ਵਰਚੁਅਲ ਓਪਨ ਹਾਊਸ

ਵੀਰਵਾਰ, 19 ਜੂਨ

ਸ਼ਾਮ 6 ਵਜੇ ਤੋਂ 8 ਵਜੇ ਤੱਕ

ਔਨਲਾਈਨ ਰਜਿਸਟਰ ਕਰੋ: mississauga.ca/cyclingfeedback

### ਕਮਿਉਨਿਟੀ ਸੈਂਟਰ ਪੌਪ-ਅਪਸ

ਚਾਰ ਕਮਿਉਨਿਟੀ ਸੈਂਟਰ ਪੌਪ-ਅਪਸ (four community centre pop-ups) ਵੀ ਹੋਣਗੇ, ਜਿੱਥੇ ਤੁਸੀਂ ਸਾਈਕਲਿੰਗ ਮਾਸਟਰ ਪਲਾਨ ਦੇ ਅੱਪਡੇਟ ਬਾਰੇ ਵਧੇਰੇ ਜਾਣ ਸਕੋਗੇ ਅਤੇ ਆਪਣੇ ਵਿਚਾਰ ਸਾਂਝੇ ਕਰ ਸਕੋਗੇ।

- ਸ਼ਨੀਵਾਰ, 21 ਜੂਨ – Clarkson Community Centre
- ਮੰਗਲਵਾਰ, 24 ਜੂਨ – Burnhamthorpe Community Centre
- ਬੁੱਧਵਾਰ, 25 ਜੂਨ – Meadowvale Community Centre
- ਵੀਰਵਾਰ, 26 ਜੂਨ – Malton Community Centre

## ਔਨਲਾਈਨ ਸਰਵੇਖਣ ਲਵੋ

ਤੁਹਾਡੇ ਲਈ ਆਪਣੇ ਸੁਝਾਅ ਸਾਂਝੇ ਕਰਨ ਲਈ, ਇੱਕ ਸਰਵੇਖਣ ਅਤੇ ਮੈਪਿੰਗ ਟੂਲ, ਐਤਵਾਰ, 6 ਜੁਲਾਈ ਤੱਕ ਉਪਲਬਧ ਹੋਵੇਗਾ। ਤੁਸੀਂ ਇਸ ਬਾਰੇ ਆਪਣੇ ਵਿਚਾਰ ਸਾਂਝੇ ਕਰ ਸਕੋਗੇ ਕਿ ਸਿਟੀ, Mississauga ਵਿੱਚ ਸਾਈਕਲਿੰਗ ਵਿੱਚ ਸੁਧਾਰ ਕਰਨ ਲਈ ਕਿਹੜੀਆਂ ਕਾਰਵਾਈਆਂ ਕਰ ਸਕਦੀ ਹੈ। ਸਰਵੇਖਣ ਲਵੋ (Take the survey)।

ਸ਼ਮੂਲੀਅਤ ਸੈਸ਼ਨਾਂ ਤੋਂ ਫੀਡਬੈਕ, ਸਾਈਕਲਿੰਗ ਮਾਸਟਰ ਪਲਾਨ ਸੂਚਿਤ ਕਰਨ ਵਿੱਚ ਮਦਦ ਕਰੇਗਾ। ਸਟਾਫ, ਪਤਝੜ 2025 ਵਿੱਚ ਕਾਊਂਸਿਲ ਨੂੰ ਅੰਤਿਮ ਰਿਪੋਰਟ ਪੇਸ਼ ਕਰੇਗੀ।

ਸਾਈਕਲਿੰਗ ਮਾਸਟਰ ਪਲਾਨ ਦੇ ਅੱਪਡੇਟ ਬਾਰੇ ਵਧੇਰੇ ਜਾਣਨ ਅਤੇ ਆਪਣੇ ਵਿਚਾਰ ਸਾਂਝੇ ਕਰਨ ਲਈ,

mississauga.ca/cyclingfeedback ਤੇ ਜਾਓ।

-30-

City of Mississauga
300 City Centre Dr.
Mississauga, ON
L5B 3C1

## ਮੀਡੀਆ ਸੰਪਰਕ

City of Mississauga ਮੀਡੀਆ ਰਿਲੇਸ਼ਨਸ

media@mississauga.ca
905-615-3200, ਐਕਸਟੈਨਸ਼ਨ 5232

TTY: 905-896-5151